# ਨਾਲ ਲੱਗਦੀ ਜ਼ਮੀਨ ਦੀ ਵਰਤੋਂ ਸਬੰਧੀ ਤੱਥ ਸ਼ੀਟ



ਨਾਲ ਲੱਗਦੀ ਜ਼ਮੀਨ ਜਾਂ ਗੁਆਂਢੀ ਪ੍ਰਾਪਰਟੀਆਂ ਦੀ ਹੁੰਦੀ ਵਰਤੋਂ ਬੇਰੀਆਂ ਲਈ ਪ੍ਰਦੂਸ਼ਣ ਦਾ ਸੰਭਾਵੀ ਸੋਮਾਂ ਹੋ ਸਕਦੀ ਹੈ। ਗੁਆਂਢ ਵਾਲੀ ਥਾਂ ਦਾ ਪ੍ਰਦੂਸ਼ਣ ਦੇ ਸੋਮੇ ਵਜੋਂ ਕੰਮ ਕਰਨਾਂ ਇਸ ਗੱਲ ‘ਤੇ ਨਿਰਭਰ ਕਰਦਾ ਹੈ ਕਿ ਉਹ ਜ਼ਮੀਨ ਕਿਸ ਕੰਮ ਲਈ ਵਰਤੀ ਜਾਂਦੀ ਹੈ ਅਤੇ ਕਿਹੜੇ ਅਭਿਆਸ ਤੇ ਥਾਂ ਦੀ ਮੈਨੇਜਮੈਂਟ ਦੀਆਂ ਕਿਹੜੀਆਂ ਤਕਨੀਕਾਂ ਵਰਤੀਆਂ ਜਾਂਦੀਆਂ ਹਨ। ਉਤਪਾਦਕਾਂ ਨੂੰ ਉਤਪਾਦਨ ਦੀ ਸੁਰੱਖਿਆ ਅਤੇ ਸੁੱਚਤਾ ਨੂੰ ਯਕੀਨੀ ਬਣਾਉਂਣ ਲਈ ਹੋਰ ਚੋਣਾਂ ਤੇ ਵਿਚਾਰ ਕਰਨਾਂ ਚਾਹੀਦਾ ਹੈ।



ਗੁਆਂਢ ਵਾਲੀ ਥਾਂ ਦੇ ਅਭਿਆਸਾਂ ਅਤੇ ਉਹ ਸੁਰੱਖਿਅਤ ਬੇਰੀਆਂ ਦੇ ਉਤਪਾਦਨਾਂ ਤੇ ਕਿਵੇਂ ਅਸਰ ਪਾਉਂਦੇ ਹਨ ਇਸ ਨੂੰ ਵਿਚਾਰਨਾਂ ਜ਼ਰੂਰੀ ਹੈ। ਨਾਲ ਲੱਗਦੀ ਥਾਂ ਜਿਸ ਪ੍ਰਕਾਰ ਦਾ ਖਤਰਾ ਪੇਸ਼ ਕਰ ਸਕਦੀ ਹੈ ਉਸਨੂੰ ਜਾਂਚਣ ‘ਚ ਮਦਦ ਕਰਨ ਲਈ ਕੁਝ ਸਵਾਲ, ਜਿੰਨ੍ਹਾਂ ‘ਚ ਸ਼ਾਮਲ ਹਨ:



- ਨਾਲ ਲੱਗਦੀ ਜ਼ਮੀਨ ਕਿਸ ਕੰਮ ਲਈ ਵਰਤੀ ਜਾਂਦੀ ਹੈ?
- ਕੀ ਨਾਲ ਲੱਗਦੇ ਫਾਰਮਾਂ ਤੋਂ ਹਵਾ ਰਾਹੀਂ ਘੱਟੇ ਜਾਂ ਖਾਦ ਕਾਰਨ ਪ੍ਰਦੂਸ਼ਣ ਹੋਣ ਦੀ ਕੋਈ ਸੰਭਾਵਨਾਂ ਹੈ? (ਪੋਲਟਰੀ ਵਾਲੇ ਕੋਠਿਆਂ ਦੇ ਨਾਲ ਲੱਗਦੇ ਉਤਪਾਦਕਾਂ ਨੂੰ ਰੌਸ਼ਨਦਾਨਾਂ ਰਾਹੀਂ ਜਾਂ ਹਵਾ ਬਾਹਰ ਕੱਢਣ ਵਾਲੇ ਪੱਖਿਆਂ ਨਾਲ ਉਡਕੇ ਆਉਂਣ ਵਾਲੇ ਪੋਲਟਰੀ ਦੇ ਘੱਟੇ ਨੂੰ ਵਾਚਣਾਂ ਚਾਹੀਦਾ ਹੈ ਅਤੇ ਖਤਰੇ ਨੂੰ ਘੱਟ ਤੋਂ ਘੱਟ ਕਰਨ ਵਾਲੇ ਅਭਿਆਸਾਂ ਦੀ ਵਰਤੋਂ ਕਰਨੀ ਚਾਹੀਦੀ ਹੈ)।
- ਕੀ ਨਾਲ ਲੱਗਦੀ ਜ਼ਮੀਨ ਉਪਰ ਚੰਗੇ ਖੇਤੀਬਾੜੀ ਅਭਿਆਸਾਂ ਦੀ ਪਾਲਣਾਂ ਕਰਦਿਆਂ ਹੋਇਆਂ ਉਤਪਾਦਨ, ਜ਼ਮੀਨੀ ਵਰਤੋਂ ਅਤੇ ਮੈਨੇਜਮੈਂਟ ਦੀਆਂ ਤਕਨੀਕਾਂ ਲਾਗੂ ਕੀਤੀਆਂ ਗਈਆਂ ਹਨ?
- ਕੀ ਗੁਆਂਢ ਦੇ ਅਭਿਆਸਾਂ ਨਾਲ ਖੇਤੀਬਾੜੀ ਵਾਲੇ ਪਾਣੀ ਦੀ ਸਪਲਾਈ ਦੇ ਪ੍ਰਦੂਸ਼ਣ ਦੀ ਗੁੰਜ਼ਾਇਸ਼ ਹੈ?
- ਕੀ ਗੁਆਂਢੀ ਪ੍ਰਾਪਰਟੀਆਂ ‘ਤੇ ਖਾਦ ਵਰਤੀ ਜਾਂ ਸਟੋਰ ਕੀਤੀ ਜਾਂਦੀ ਹੈ? - ਵਰਤਣ ਦੇ ਢੰਗ, ਸਟੋਰੇਜ ਅਤੇ ਸਮੇ ‘ਤੇ ਵਿਚਾਰ ਕਰੋ।
- ਕੀ ਗੁਆਂਢੀ ਪ੍ਰਾਪਰਟੀਆਂ ‘ਤੇ ਸਿੰਚਾਈ ਹੁੰਦੀ ਹੈ ਜਾਂ ਛਿੜਕਾਅ ਹੁੰਦਾ ਹੈ? - ਵਰਤੇ ਜਾਂਦੇ ਢੰਗ, ਸਮੇਂ ਅਤੇ ਉਤਪਾਦਨ ਜਾਂ ਵਰਤੇ ਜਾਂਦੇ ਪਾਣੀ ਦੇ ਸਰੋਤ ਬਾਰੇ ਵਿਚਾਰ ਕਰੋ।



- ਕੀ ਨਾਲ ਲੱਗਦੀਆਂ ਪ੍ਰਾਪਰਟੀਆਂ ‘ਤੇ ਵਰਤੇ ਜਾਂਦੇ ਅਭਿਆਸਾਂ ਜਾਂ ਤਕਨੀਕਾਂ ਤੋਂ ਕੁਝ ਵਗਣ ਜਾਂ ਉਡਣ ਦੁਆਰਾ ਬੇਰੀਆਂ ਪ੍ਰਦੂਸ਼ਤ ਹੋ ਸਕਦੀਆਂ ਹਨ?

ਹਰੇਕ ਸੰਭਾਵਨਾਂ ਦਾ ਮੁਲਾਂਕਣ ਕਰਨਾਂ ਚਾਹੀਦਾ ਹੈ। ਨਾਲ ਲੱਗਦੀ ਜ਼ਮੀਨ ਤੋਂ ਹੋਣ ਵਾਲੇ ਸੰਭਾਵੀ ਪ੍ਰਦੂਸ਼ਣ ਦੇ ਖਤਰੇ ਨੂੰ ਘੱਟ ਤੋਂ ਘੱਟ ਜਾਂ ਥੋੜਾ ਕਰਨ ‘ਚ ਮਦਦ ਲਈ ਹੇਠਾਂ ਕੁਝ ਚੋਣਾਂ ਦੱਸੀਆਂ ਜਾਂਦੀਆਂ ਹਨ :

- ਪ੍ਰਾਪਰਟੀਆਂ ਜਾਂ ਖੇਤਾਂ ਦਰਮਿਆਨ ਬਚਾਅ ਲਈ ਵਿੱਥ ਵਧਾਉ
- ਗੁਆਂਢੀ ਪ੍ਰਾਪਰਟੀਆਂ ਤੋਂ ਉਡਣ ਵਾਲੇ ਪਦਾਰਥਾਂ ਨੂੰ ਘਟਾਉਂਣ ਲਈ ਕੰਧ ਜਾਂ ਪੌਦਿਆਂ ਦੀ ਵਾੜ ਕਰੋ
- ਯਕੀਨੀ ਬਣਾਉ ਕਿ ਖਾਦ ਦੱਸੀਆਂ ਹਦਾਇਤਾਂ ਅਨੁਸਾਰ ਸਟੋਰ ਕੀਤੀ ਜਾਵੇ
- ਤੁੜਵਾਈ/ਚੁਗਾਈ ਦੇ ਸਮੇਂ ਦੌਰਾਨ ਜਾਂ ਨੇੜੇ ਸਿੰਚਾਈ, ਛਿੜਕਾਅ ਜਾਂ ਧੋਣ ਲਈ ਪਾਣੀ ਦੇ ਬਦਲਵੇਂ ਸਰੋਤ ਦੀ ਵਰਤੋਂ ਕਰੋ
- ਸਿੰਚਾਈ ਦਾ ਉਹ ਸਾਧਨ ਵਰਤੋ ਜਿਸ ਨਾਲ ਪਾਣੀ ਅਤੇ ਬੇਰੀਆਂ ‘ਚ ਸੰਪਰਕ ਘੱਟੋ ਘੱਟ ਰਹੇ।



ਰਿਕਾਰਡ ਰੱਖਿਆ ਜਾਣਾਂ ਚਾਹੀਦਾ ਹੈ ਕਿ ਖਤਰਾ ਘਟਾਉਂਣ ਲਈ ਕੀ ਕੀਤਾ ਗਿਆ ਤੇ ਕਦੋਂ ਕੀਤਾ ਗਿਆ।

**ਹਵਾਲੇ/References:**


Guide to Minimize Microbial Food Safety Hazards for Fresh Fruits & Vegetables: http://www.foodsafety.gov/~acrobat/prodguid.pdf#search=%22Guide%20to%20Minimizing%20Microbial%20Contamination%20on%20Farm%22

EUREPGAP Protocol for Fruits & Vegetables: http://www.agribusinessonline.com/regulations/eurepprotocol.pdf#search=%22Eurepgap%20%22

Food Safety Begins on the Farm – A Grower’s Guide – Good Agricultural Practices for Fresh Fruits & Vegetables: http://www.sfc.ucdavis.edu/pubs/articles/foodsafetybeginsonthefarm.pdf#search=%22Food%20Safety%20Begins%20on%20the%20Farm%22


ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਸੰਪਰਕ ਕਰੋ:


| | |
|---|---|
| BC Blueberry Council | 604-864-2117 |
| Fraser Valley Strawberry Growers Association | 604-864-0565 |
| Raspberry Industry Development Council | 604-854-8010 |